**ਪ੍ਰ5. ਹੇਠ ਲਿਖੇ ਕਥਾ ਅੰਸ਼ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:(4)**

ਲੜਾਈ ਦੇ ਮੈਦਾਨ ਵਿੱਚ ਦੂਰ-ਦੂਰ ਤੱਕ ਲਾਸ਼ਾਂ ਖਿਲਰੀਆਂ ਹੋਈਆਂ ਸਨ। ਜ਼ਖ਼ਮੀਆਂ ਦੀ ਪੁਕਾਰ ਅਤੇ ਜੰਗੀ ਹਥਿਆਰਾਂ ਦੀਆਂ ਅਵਾਜ਼ਾਂ ਨੇ ਕੰਨ ਬੋਲੇ ਕੀਤੇ ਹੋਏ ਸਨ। ਉਸ ਵੇਲੇ ਭਾਈ ਘਨੱਈਆ ਨੇ ਖੁਦ ਜ਼ਖ਼ਮੀਆਂ ਨੂੰ ਲੱਭ-ਲੱਭ ਕੇ ਪਾਣੀ ਪਿਆਉਣ ਦੀ ਲੋੜ ਨੂੰ ਮਹਿਸੂਸ ਕੀਤਾ। ਪਾਣੀ ਦੀ ਭਰੀ ਹੋਈ ਮਸ਼ਕ ਚੁੱਕੀ, ਉਹ ਜ਼ਖ਼ਮੀਆਂ ਨੂੰ ਲੱਭ-ਲੱਭ ਪਾਣੀ ਪਿਆਉਣ ਲੱਗਾ।

ੳ) ਉਪਰੋਕਤ ਦਿੱਤਾ ਕਥਾ ਅੰਸ਼ ਕਿਸ ਪਾਠ ਵਿੱਚੋਂ ਲਿਆ ਗਿਆ ਹੈ ਅਤੇ ਇਸਦਾ ਲੇਖਕ ਕੌਣ ਹੈ?

ਅ) ਲੜਾਈ ਦੇ ਮੈਦਾਨ ਵਿੱਚ ਕੀ ਖਿਲਰਿਆ ਹੋਇਆ ਸੀ?

ੲ) ਯੁੱਧ ਵਿੱਚ ਕੰਨ ਬੋਲੇ ਕਿਉਂ ਹੋ ਗਏ?

**ਪ੍ਰ6. ਹੇਠ ਲਿਖੀਆਂ ਕਾਵਿ ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:**

"ਜਦੋਂ ਡੁੱਬਿਆ ਚੰਨ ਪੰਜਾਬ ਦਾ, ਡੁੱਬ ਗਏ ਸਿਤਾਰੇ,
ਜਦੋਂ ਫਾਂਸੀ ਚੁੰਮੀ ਸ਼ੇਰ ਨੇ, ਉਹਦੇ ਬੁੱਲ ਮੁਸਕਾਏ।
ਉਹਦੇ ਨੈਣਾਂ ਅੰਦਰ ਦੇਸ਼ ਦੇ, ਸੁਪਨੇ ਲਹਿਰਾਏ,
ਉਹਦੇ ਸੀਨੇ ਵਿੱਚ ਉੱਠ ਪਏ ਅਰਮਾਨ ਦਬਾਏ।

ੳ) ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ? ਇਸ ਕਵਿਤਾ ਦੇ ਕਵੀ ਦਾ ਨਾਂ ਦੱਸੋ।

ਅ) ਪੰਜਾਬ ਦਾ ਸ਼ੇਰ ਕਿਸਨੂੰ ਕਿਹਾ ਗਿਆ ਹੈ?

ੲ) ਕਿਸ ਦੇ ਨੈਣਾਂ ਅੰਦਰ ਕਿਹੜੇ ਸੁਪਨੇ ਲਹਿਰਾਏ? **(4)**

**ਪ੍ਰ7.** 'ਪਿਤਾ ਬੱਚੇ ਦੇ ਸਿਰ ਦਾ ਸਾਇਆ ਹੁੰਦਾ ਹੈ', ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਆਪਣੇ ਵਿਚਾਰ 60-70 ਸ਼ਬਦਾਂ ਵਿੱਚ ਲਿਖੋ। **(4)**

## ਭਾਗ - ਅ (ਵਿਆਕਰਨ)

1) **ਹੇਠ ਦਿੱਤੇ ਸ਼ਬਦਾਂ ਨੂੰ ਅਗੇਤਰ ਲਾ ਕੇ ਦੋ-ਦੋ ਸ਼ਬਦ ਬਣਾਓ: (2)**

ਅੰਤਰ, ਖੁਸ਼

2) **ਹੇਠ ਦਿੱਤੇ ਸ਼ਬਦਾਂ ਨੂੰ ਪਿਛੇਤਰ ਲਾ ਕੇ ਦੋ-ਦੋ ਸ਼ਬਦ ਬਣਾਓ: (2)**

ਆਕ, ਊ

3) **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (2)**

ਉਜਾੜ੍ਹਨਾ, ਅਜ਼ਾਦੀ, ਇਮਾਨਦਾਰ, ਸੰਖੇਪ

4) **ਹੇਠ ਦਿੱਤੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (2)**

ੳ) ਬਾਰੀਕੀਆਂ ਬਾਰੇ ਪਤਾ ਹੈ ਸੰਗੀਤ ਦੀਆਂ ਬਹੁਤ ਘੱਟ ਲੋਕਾਂ ਨੂੰ

ਅ) ਬਦਨਾਮ ਮਾੜਾ ਬੰਦਾ ਜਾਂਦਾ ਹੈ ਹੋ।

5) **ਹੇਠ ਦਿੱਤੇ ਅਖਾਣ ਕਿਹੜੇ ਵਿਸ਼ੇਸ਼ ਮੌਕੇ ਤੇ ਵਰਤੇ ਜਾਂਦੇ ਹਨ: (2)**

- ਅਕਲਾਂ ਬਾਝੋਂ ਖੂਹ ਖਾਲੀ
- ਇੱਕ ਅਨਾਰ ਸੌ ਬਿਮਾਰ

6) ਕਿਰਿਆ ਵਿਸ਼ੇਸ਼ਣ ਕਿਸਨੂੰ ਕਹਿੰਦੇ ਹਨ? ਇਹ ਕਿੰਨੇ ਪ੍ਰਕਾਰ ਦੇ ਹੁੰਦੇ ਹਨ? ਇਸ ਦੇ ਕੇਵਲ ਨਾਂ ਲਿਖੋ। **(2)**

7) **ਹੇਠ ਦਿੱਤੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (2)**

ਸਿਆਣਾ, ਉਜਾਲਾ

8) **ਵਿਸ਼ਰਾਮ ਚਿੰਨ੍ਹ ਲਗਾਓ: (2)**

ਮਾਂ ਨੇ ਕਿਹਾ ਪੁੱਤਰ ਸੱਚਾਈ ਦੇ ਰਸਤੇ ਤੇ ਚੱਲੋ

9) **ਹੇਠ ਦਿੱਤੇ ਬਹੁ-ਅਰਥਕ ਸ਼ਬਦਾਂ ਦੇ ਅਰਥ-ਭੇਦ ਕਰਦੇ ਹੋਏ ਦੋ-ਦੋ ਵਾਕ ਬਣਾਓ: (4)**

ਸਿੱਕਾ, ਕੱਚਾ

**10) ਹੇਠ ਦਿੱਤੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ: (4)**

ਆਈ ਚਲਾਈ ਕਰਨਾ, ਇੱਕ ਅੱਖ ਨਾਲ ਵੇਖਣਾ, ਸਾਹ ਸੁੱਕ ਜਾਣਾ, ਉੱਚਾ ਨੀਵਾਂ ਬੋਲਣਾ

11) ਕਿਸੇ ਵਪਾਰਕ ਫ਼ਰਮ ਨੂੰ ਰੰਗ-ਰੋਗਣ ਦੀ ਏਜੰਸੀ ਲੈਣ ਲਈ ਬਿਨੇ-ਪੱਤਰ ਲਿਖੋ। (5)

**12) ਕਿਸੇ ਇਕ ਵਿਸ਼ੇ ਤੇ ਲੇਖ ਲਿਖੋ: (7)**

ਸ੍ਰੀ ਗੁਰੂ ਤੇਗ ਬਹਾਦਰ ਜੀ

ਜਾਂ

ਪ੍ਰਦੂਸ਼ਣ ਦੀ ਸਮੱਸਿਆ

**13) ਹੇਠ ਦਿੱਤੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ: (4)**

**BUDHA DAL PUBLIC SCHOOL PATIALA (23 Sept.17)**

**UNIT - I**

**Class - VIII**

**Paper - Punjabi**

**Set - B**

**Time: 3 hrs.** **MM: 80**

**ਪ੍ਰ1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ: (6)**

ੳ) ਸੇਵਾਦਾਰ ਨੂੰ ਜੰਗਲ ਦੇ ਬਾਹਰ ਛੱਡ ਕੇ ਰਾਜਾ ਆਪ ਕਿੱਥੇ ਚਲਾ ਗਿਆ?

ਅ) ਨੌਂ-ਲੱਖਾਂ ਬਾਗ਼ ਕਿੱਥੇ ਸੀ?

ੲ) ਗੋਪਾਲ ਦੌੜਦਾ-ਦੌੜਦਾ ਸ਼ਹਿਰ ਦੇ ਕਿਸ ਪਾਸੇ ਵੱਲ ਚਲਿਆ ਗਿਆ?

ਸ) ਕਿਹੜੇ ਮਹੀਨੇ ਵਿੱਚ ਕੋਟ ਤੇ ਸਵੈਟਰ ਪਾਏ ਜਾਂਦੇ ਹਨ?

ਹ) ਇਕ ਦਿਨ ਨਵੇਂ ਫੈਸ਼ਨ ਵਾਲਿਆਂ ਨੂੰ ਕਿਹੜੀ ਖੇਡ ਖੇਡਣ ਦੀ ਸੁੱਝੀ?

ਕ) ਰਜਨੀ ਨੇ ਜਦੋਂ ਅੱਖਾਂ ਖੋਲੀਆਂ ਤਾਂ ਉਹ ਕਿੱਥੇ ਲੰਮੀ ਪਈ ਹੋਈ ਸੀ?

**ਪ੍ਰ2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਵਿਸਥਾਰ ਨਾਲ ਦਿਓ: (6×2=12)**

ੳ) ਰਾਜਾ ਜੰਗਲ ਵਿੱਚ ਰਹਿੰਦੇ ਤਪੀਸ਼ਰ ਕੋਲ ਕਿਉਂ ਗਿਆ?

ਅ) ਕਵਿਤਾ 'ਬਾਰਾਂ ਮਾਹ' ਅਨੁਸਾਰ ਸਾਵਣ ਦੇ ਮਹੀਨੇ ਕੀ ਕੁਝ ਖਾਸ ਹੁੰਦਾ ਹੈ?

ੲ) ਗੋਪਾਲ ਦੇ ਪਿਤਾ ਜੀ ਉਸਨੂੰ ਕਿਹੜੀ ਗੱਲੋਂ ਗੁੱਸੇ ਹੁੰਦੇ ਸਨ?

ਸ) ਮੁਸਾਫ਼ਰ ਘਨੱਈਆ ਜੀ ਤੋਂ ਕਿਵੇਂ ਮੋਹਿਆ ਗਿਆ?

ਹ) ਰਜਨੀ ਦੇ ਨਾਂ ਦਾ ਦੀਵਾ ਕਿਹੋ ਜਿਹਾ ਸੀ?

ਕ) ਰਿਆਸਤ ਦੇ ਦੀਵਾਨ ਨੇ ਮਹਾਰਾਜੇ ਕੋਲ ਜਾ ਕੇ ਕੀ ਬੇਨਤੀ ਕੀਤੀ?

**ਪ੍ਰ3. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ: (8×½=4)**

ਸੱਭਿਅਤਾ, ਵਰਗਲਾਉਣਾ, ਨਿਰਾਲਾ, ਅਚੰਭਾ, ਲੋੜਵੰਦ, ਵੈਣ, ਰਫ਼ਤਾਰ, ਭਲੇਮਾਣਸ

**ਪ੍ਰ4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ: (6)**

ਵਿਤਕਰਾ, ਤਿਓਹਾਰ, ਕਸ਼ਟ, ਉਮੀਦ, ਪੈਲ਼ੀਆਂ, ਬੀਆਬਾਨ